# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
## ( ਜਨਰਲ ਭਾਗ–1 )

ਵੱਲ:

1. ਸਾਰੇ ਇੰਜੀ–ਇੰਨ–ਚੀਫ/ਜਨਰਲ ਮੈਨੇਜ਼ਰ ਅਤੇ ਮੁੱਖ ਇੰਜੀ:
2. ਐਸ.ਪੀ./ਵੀ.ਤੇ ਐਸ. ਪਟਿਆਲਾ
3. ਵਿੱਤ/ਸਲਾਹਕਾਰ, ਪਟਿਆਲਾ
4. ਮੁੱਖ ਲੇਖਾ ਅਫਸਰ, ਪਟਿਆਲਾ
5. ਮੁੱਖ ਪੜ੍ਹਤਾਲਕਾਰ, ਪਟਿਆਲਾ
6. ਕਾਸਟ ਕੰਟਰੋਲ ਅਤੇ ਰਿਜ਼ਕਸ਼ਨ, ਪਟਿਆਲਾ
7. ਮੁੱਖ/ਪ੍ਰਬੰਧਕੀ ਤੇ ਆਈ.ਆਰ., ਪਟਿਆਲਾ
8. ਆਰ.ਏ.ਓ. ਪਟਿਆਲਾ
9. ਕਾਨੂੰਨੀ ਸਲਾਹਕਾਰ, ਪਟਿਆਲਾ
10. ਸਾਰੇ ਉਪ ਮੁੱਖ ਲੇਖਾ ਅਫਸਰ,
11. ਸਾਰੇ ਉਪ ਮੁੱਖ ਆਡੀਟਰ,
12. ਸਾਰੇ ਨਿਗਰਾਨ ਇੰਜੀ/ਸਾਰੇ ਸੀਨੀ ਕਾ:ਕਾ:ਇੰਜ:
13. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ,ਪੰ:ਸ;ਪਾ:ਕਾ:ਲਿਮ:
14. ਸਮੂਹ ਸੀਨੀ: ਨਿੱਜੀ ਸਕੱਤਰ ਟੂ ਸੀ.ਐਮ.ਡੀ./ਡਾਇਰੈਕਟਰਜ਼

ਮੀਮੋ ਨੰ: 75847/76547 ਜੀਬੀ/ਅ–669 ਮਿਤੀ: 1-11-2012

ਵਿਸ਼ਾ: ਸਾਲ 2012–13 ਵਿੱਚ ਦਰਜ਼ਾ–4 ਕਰਮਚਾਰੀਆਂ ਨੂੰ ਤਿਉਹਾਰ ਲਈ ਕਰਜਾ ਦੇਣ ਸਬੰਧੀ ।

1. ਸਾਲ 2012–13 ਦੌਰਾਨ ਤਿਉਹਾਰ ਲਈ ਦਰਜ਼ਾ–4 ਕਰਮਚਾਰੀਆਂ ਨੂੰ ਕਰਜਾ ਰਕਮ 7000/– ਰੁ: ਦੇਣ ਸਬੰਧੀ ਪੰਜਾਬ ਸਰਕਾਰ ਵਿਤ ਵਿਭਾਗ (ਕਰਜਾ ਸ਼ਾਖਾ) ਦੇ 11463 (ਕਰਜ਼ਾ ਸਾਖਾ) ਮਿਤੀ: 19.10.2012 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਹ ਕਰਜ਼ਾ ਸਿਰਫ ਰੈਗੂਲਰ ਦਰਜ਼ਾ –4 ਕਰਮਚਾਰੀਆਂ ਨੂੰ ਹੀ ਮਿਲਣ ਯੋਗ ਹੋਵੇਗਾ। ਜਿਨ੍ਹਾਂ ਵਿੱਚ ਉਹ ਵ/ਚ ਕਰਮਚਾਰੀ ਵੀ ਸ਼ਾਮਿਲ ਹੋਣਗੇ ਜਿਨ੍ਹਾਂ ਦੀਆਂ ਸੇਵਾਵਾਂ 5 ਸਾਲ ਦੀ ਸੇਵਾ ਪੂਰੀ ਹੋਣ ਉਪਰੰਤ ਰੈਗੂਲਾਈਜ਼ ਕੀਤੀਆਂ ਗਈਆਂ ਹਨ। ਦੂਜੇ ਦਰਜਾ–4 ਕਰਮਚਾਰੀ ਜਿਵੇ ਦਿਹਾੜੀਦਾਰ,ਵ/ਚ ਕਰਮਚਾਰੀ ਆਦਿ ਇਸ ਫੈਸਲੇ ਅਧੀਨ ਨਹੀਂ ਆਉਣਗੇ ।ਇਹ ਕਰਜਾ 7 ਬਰਾਬਰ,ਮਹੀਨਾਵਾਰ ਕਿਸ਼ਤਾ ਵਿੱਚ ਵਸੂਲਿਆਂ ਜਾਵੇਗਾ। ਇਸ ਦੀ ਵਸੂਲੀ ਦਸੰਬਰ 2012 ਦੀ ਤਨਖਾਹ ਤੋਂ ਸੁਰੂ ਕੀਤੀ ਜਾਵੇਗੀ ।
2. ਇਸ ਕਰਜ਼ੇ ਦੀ ਮੰਨਜੂਰੀ ਜਾਰੀ ਕਰਨ ਦਾ ਅਧਿਕਾਰ ਡਿਸਬਰਸਿੰਗ ਅਫਸਰ ਨੂੰ ਹੋਵੇਗਾ ਅਤੇ ਉਹ ਮੰਨਜੂਰੀ ਜਾਰੀ ਕਰਨ ਤੋ ਪਹਿਲਾਂ ਇਹ ਯਕੀਨੀ ਬਣਾ ਲਵੇਗਾ ਕਿ ਕਰਮਚਾਰੀ ਉਤਨੇ ਸਮੇਂ ਲਈ ਸੇਵਾ ਵਿੱਚ ਰਹੇਗਾ ਜਿਨ੍ਹਾਂ ਸਮਾਂ ਇਸ ਕਰਜੇ ਦੀ ਵਸੂਲੀ ਲਈ ਨਿਸਚਿਤ ਕੀਤਾ ਗਿਆ ਹੈ ।
3. ਇਹ ਕਰਜੇ ਦੀ ਰਕਮ ਮੁੱਖ ਲੇਖਾ ਮੱਦ 27.208 **(Loan and advances- interest free)** ਦੇ ਅੰਤਰਗਤ ਲੇਖਾ ਮੱਦ 27.208 **(Loan and advances-festival)** ਨੂੰ ਚਾਰਜ ਕੀਤੀ ਜਾਵੇਗੀ।
4. ਇਸ ਕਰਜੇ ਸਬੰਧੀ ਵਿਅਕਤੀਗਤ ਲੇਖਾ ਜ਼ੋਖਾ ਡਿਸਬਰਸਿੰਗ ਅਫਸਰ ਰੱਖੇਗਾ ਅਤੇ ਉਹ ਆਪਣੀ ਪੱਧਰ ਤੇ ਇਹ ਯਕੀਨੀ ਬਣਾਏਗਾ ਕਿ ਕਰਜੇ ਦੀ ਵਸੂਲੀ ਉਪਰੋਕਤ ਵਰਨਣ ਅਨੁਸਾਰ ਕੀਤੀ ਗਈ ਹੈ। ਇਸ ਕਰਜ਼ੇ ਦੀ ਵਸੂਲੀ ਸਬੰਧੀ ਹਰ ਤਨਖਾਹ ਦੇ ਬਿਲ ਨਾਲ ਅਲੱਗ ਸਡਿਊਲ ਲਗਾਇਆ ਜਾਵੇਗਾ।
5. ਬਿਨੇਕਾਰ ਨੂੰ ਇਹ ਕਰਜ਼ਾ ਮਿਤੀ: 30.11.12 ਤੱਕ ਮਿਲਣ ਯੋਗ ਹੋਵੇਗਾ ।

ਇਹ ਮਾਨਯੋਗ ਸੀ.ਐਮ.ਡੀ. ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

SS Singh
ਅਧੀਨ ਸਕੱਤਰ/ਜਨਰਲ,
ਪੰ:ਸਾ:ਪਾ:ਕਾ:ਲਿਮ: ਪਟਿਆਲਾ

ਸੀ.ਸੀ.

1. ਲੇਖਾ ਅਫਸਰ/ਡਬਲਯੂ.ਐਮ.ਐਂਡ ਜੀ.ਪਟਿਆਲਾ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ।
2. ਉਪ ਮੁੱਖ ਇੰਜੀ/ਆਈ.ਟੀ.,ਪੰ:ਸ:ਪਾ:ਕਾ:ਲਿਮ: ਪਟਿਆਲਾ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਇੰਟਰਨੈਟ ਤੇ ਅਪਲੋਡ ਕੀਤਾ ਜਾਵੇ ਜੀ।